# ਮਸੀਹੀ ਆਦਮੀ ਲਈ ਪੁਰਾਣੇ ਨੇਮ ਦਾ ਲਾਭ

ਹਿਯੂਗੋ ਮੇਕੋਰਡ

(ਗਲਾਤੀਆਂ 3:24)

ਜੋ ਅਹਿਮੀਅਤ ਰੁੱਖ ਲਈ ਜੜ੍ਹ ਦੀ ਹੈ, ਉਹੀ ਮਸੀਹੀਅਤ ਵਾਸਤੇ ਪੁਰਾਣੇ ਨੇਮ ਦੀ ਹੈ। ਯਿਸੂ ਅਤੇ ਨਵੇਂ ਨੇਮ ਦੇ ਹਰ ਲੇਖਕ ਨੇ ਪੁਰਾਣੇ ਨੇਮ ਦੀ ਵਰਤੋਂ ਕੀਤੀ। ਅਸੀਂ ਇਨ੍ਹਾਂ ਛੇ ਢੰਗਾਂ ਤੇ ਵਿਚਾਰ ਕਰਦੇ ਹਾਂ ਜਿਨ੍ਹਾਂ ਤੋਂ ਪਤਾ ਲਗਦਾ ਹੈ ਕਿ ਹਰ ਜਾਗਰੂਕ ਮਸੀਹੀ ਨੂੰ ਅੱਜ ਪੁਰਾਣੇ ਨੇਮ ਦੀ ਵਰਤੋਂ ਕਿਉਂ ਕਰਨੀ ਚਾਹੀਦੀ ਹੈ।

## ਖੋਜ ਭਰੀ ਸ਼ੁਰੂਆਤ

ਨਵਾਂ ਨੇਮ ਪੁਰਾਣੇ ਨੇਮ ਨੂੰ ''ਸ੍ਰਿਸ਼ਟੀ ਦੇ ਮੁੱਢ'' (ਮਰਕੁਸ 10:6) ਬਾਰੇ ਦੱਸਦਿਆਂ ਪ੍ਰਗਟਾਉਂਦਾ ਹੈ। ਇਵੇਂ ਹੀ ਮਨੁੱਖ ਦੇ ਮੁੱਢ ਨਾਲ ਜੁੜੇ ਸਵਾਲਾਂ ਦੇ ਜਵਾਬ ਪੁਰਾਣੇ ਨੇਮ ਵਿਚ ਹੀ ਮਿਲਦੇ ਹਨ: ''ਕੀ ਤੁਸਾਂ ਇਹ ਨਹੀਂ ਪੜ੍ਹਿਆ ਭਈ ਜਿਸ ਨੇ ਉਨ੍ਹਾਂ ਨੂੰ ਬਣਾਇਆ ਉਹ ਨੇ ਮੁੱਢੋਂ ਉਨ੍ਹਾਂ ਨੂੰ ਨਰ ਅਤੇ ਨਾਰੀ ਬਣਾਇਆ?'' (ਮੱਤੀ 19:4) ''ਮੁੱਢਲਾ ਮਨੁੱਖ ਭਾਵ ਆਦਮ'' (1 ਕੁਰਿੰਥੀਆਂ 15:45) ਦੀ ਚਰਚਾ ਕਰਦਿਆਂ ਨਵਾਂ ਨੇਮ ਪੁਰਾਣੇ ਨੇਮ ਦੀ ਹੀ ਗੱਲ ਕਰਦਾ ਹੈ। ਮਸੀਹੀ ਆਦਮੀ ਆਰੰਭ ਦੇ ਕਿਸੇ ਵੀ ਸਵਾਲ ਦਾ ਜਵਾਬ ਦਿੰਦਿਆਂ ਯਿਸੂ ਅਤੇ ਪੌਲੁਸ ਵਾਂਗ ਹੀ ਉਤਪਤ ਦੀ ਕਿਤਾਬ ਦਾ ਹਵਾਲਾ ਦੇ ਸਕਦਾ ਹੈ।

## ਯਿਸੂ ਦੀ ਖ਼ੁਦਾਈ ਦਾ ਸਬੂਤ

ਪੁਰਾਣੇ ਨੇਮ ਦੀਆਂ ਭਵਿੱਖਬਾਣੀਆਂ ਦਾ ਅਧਿਐਨ ਕਰਕੇ, ਅਸੀਂ ਇਹ ਪੱਕਾ ਕਰਦੇ ਹਾਂ ਕਿ ਯਿਸੂ ਪਰਮੇਸ਼ੁਰ ਦਾ ਪੁੱਤਰ ਹੈ। ਤਰਕ ਦੀਆਂ ਬਹੁਤ ਸਾਰੀਆਂ ਗੱਲਾਂ ਇਕ ਵਿਚਾਰ ਵਿਚ ਸੰਖੇਪ ਹੋ ਜਾਂਦੀਆਂ ਹਨ ਕਿ ਯਿਸੂ ਨਾਸਰੀ ਹੀ ਮਸੀਹ ਭਾਵ ਜਿਉਂਦੇ ਪਰਮੇਸ਼ੁਰ ਦਾ ਪੁੱਤਰ ਸੀ ਅਤੇ ਹੈ। ਇਨ੍ਹਾਂ ਗੱਲਾਂ ਵਿਚ ਉਸ ਦੀਆਂ ਨਿਰਾਲੀਆਂ ਸਿੱਖਿਆਵਾਂ (ਯੂਹੰਨਾ 7:46), ਪਾਪ ਰਹਿਤ ਹੋਣਾ (ਯੂਹੰਨਾ 8:46), ਉਹਦੇ ਅਚਰਜ ਕੰਮ (ਯੂਹੰਨਾ 10:25), ਉਹਦਾ ਪ੍ਰਭਾਵ (ਰਸੂਲਾਂ ਦੇ ਕੰਮ 4:13) ਅਤੇ ਉਸ ਦਾ ਕੁਰਬਾਨੀ ਭਰਿਆ ਪਿਆਰ (ਯੂਹੰਨਾ 10:11) ਸ਼ਾਮਿਲ ਹੈ। ਪਰ ਨਵੇਂ ਨੇਮ ਦੇ ਮਸੀਹੀ ਲੋਕਾਂ ਵੱਲੋਂ ਜਿਸ ਸਬੂਤ ਤੇ ਸਭ ਤੋਂ ਵੱਧ ਧਿਆਨ ਦੁਆਇਆ ਜਾਂਦਾ ਹੈ, ਉਹ ਪੁਰਾਣੇ ਨੇਮ ਵਿਚ ਹੀ ਸੀ।

ਪੈਂਟੀਕਾਸਟ ਵਾਲੇ ਦਿਨ ਪਤਰਸ ਦੇ ਪੈਗ਼ਾਮ ਵਿਚ ਇਕ ਤੱਥ ਵੱਲ ਧਿਆਨ ਦੁਆਇਆ ਗਿਆ ਕਿ ਯਿਸੂ ਹੀ ''ਪ੍ਰਭੂ ਵੀ ਅਤੇ ਮਸੀਹ ਵੀ'' (ਰਸੂਲਾਂ ਦੇ ਕੰਮ 2:36) ਹੈ। ਪਤਰਸ ਨੇ ਇਸ ਦੇ ਬਹੁਤੇ ਸਬੂਤ ਯੋਏਲ ਅਤੇ ਜ਼ਬੂਰ ਦੀ ਕਿਤਾਬ ਵਿੱਚੋਂ ਹੀ ਦਿੱਤੇ ਸਨ। ਸੁਲੇਮਾਨ ਦੇ

ਦਲਾਨ 'ਚ ਸੰਦੇਸ਼ ਦਿੰਦਿਆਂ ਪਤਰਸ ਨੇ ਦਾਅਵਾ ਕੀਤਾ ਕਿ ''ਜਿਨ੍ਹਾਂ ਗੱਲਾਂ ਦੀ ਪਰਮੇਸ਼ੁਰ ਨੇ ਸਭਨਾਂ ਨਬੀਆਂ ਦੀ ਜ਼ਬਾਨੀ ਅਗੇਤੀ ਖਬਰ ਦਿੱਤੀ ਸੀ ਕਿ ਮੇਰੇ ਮਸੀਹ ਨੇ ਦੁੱਖ ਝੱਲਣਾ ਹੈ ਸੋ ਉਸ ਨੇ ਇਉਂ ਪੂਰੀਆਂ ਕੀਤੀਆਂ ...'' (ਰਸੂਲਾਂ ਦੇ ਕੰਮ 3:18-21)। ਪਤਰਸ ਨੇ ਉਹੀ ਸੁਣਾਇਆ ਜੋ ਪਵਿੱਤਰ ਆਤਮਾ ਨੇ ਉਸ ਨੂੰ ਬੋਲਣ ਲਈ ਕਿਹਾ ਸੀ (ਰਸੂਲਾਂ ਦੇ ਕੰਮ 2:4), ਇਸ ਕਰਕੇ ਪੁਰਾਣੇ ਨੇਮ ਦੀ ਵਰਤੋਂ ਖ਼ੁਦਾ ਦੀ ਮਰਜ਼ੀ ਮੁਤਾਬਕ ਹੀ ਹੋਵੇਗੀ।

ਇਵੇਂ ਹੀ, ਆਤਮਾ ਦੇ ਰਾਹੀਂ ਬੋਲਦਿਆਂ ਇਸਤੀਫ਼ਾਨ ਨੇ (ਰਸੂਲਾਂ ਦੇ ਕੰਮ 6:10) ਮਸੀਹ ਦੇ ਖ਼ੁਦਾ ਵੱਲੋਂ ਹੋਣ ਬਾਰੇ ਦੱਸਦਿਆਂ ਉਤਪਤ, ਕੂਚ, ਵਿਵਸਥਾਸਾਰ, ਯਹੋਸ਼ੁਆ, ਆਮੋਸ ਅਤੇ ਯਸਾਯਾਹ ਦਾ ਹਵਾਲਾ ਦਿੱਤਾ ਸੀ। ਇਥੋਪੀਆ ਦੀ ਰਾਣੀ ਦੇ ਉਸ ਖ਼ਜ਼ਾਨਚੀ ਨੂੰ ਯਿਸੂ ਦੀ ਕਹਾਣੀ ਸੁਣਾਉਣ ਲਈ ਫ਼ਿਲਿੱਪੁਸ ਨੇ ਪੁਰਾਣੇ ਨੇਮ ਦੇ ਇਕ ਹਵਾਲੇ ਦੀ ਵਰਤੋਂ ਕੀਤੀ (ਰਸੂਲਾਂ ਦੇ ਕੰਮ 8:26-38)। ਪਤਰਸ ਨੇ ਗ਼ੈਰਕੌਮ ਕੁਰਨੇਲੀਉਸ ਨੂੰ ਯਿਸੂ ਬਾਰੇ ਦੱਸਿਆ ਕਿ ''... ਸਭ ਨਬੀ ਸਾਖੀ ਦਿੰਦੇ ਹਨ ਕਿ ਜੋ ਕੋਈ ਉਹ ਦੇ ਉੱਤੇ ਨਿਹਚਾ ਕਰੇ ਸੋ ਉਸ ਦੇ ਨਾਮ ਕਰਕੇ ਪਾਪਾਂ ਦੀ ਮਾਫ਼ੀ ਪਾਵੇਗਾ'' (ਰਸੂਲਾਂ ਦੇ ਕੰਮ 10:43)।

ਅੰਤਾਕੀਆ ਵਿਚ ਸੰਦੇਸ਼ ਦਿੰਦਿਆਂ, ਪੌਲੁਸ ਨੇ ਮੂਸਾ ਦੀਆਂ ਪੰਜ ਕਿਤਾਬਾਂ ਵਿਚ ਸਿੱਧੇ, ਯਹੋਸ਼ੁਆ ਤਕ, ਸਮੂਏਲ ਦੀ ਕਿਤਾਬ ਤਕ, ਜ਼ਬੂਰਾਂ ਦੀ ਕਿਤਾਬ ਤਕ, ਹੱਬਕੂਕ ਤਕ, ਯਸਾਯਾਹ ਤਕ ਸਪੱਸ਼ਟ ਹਵਾਲੇ ਦਿੱਤੇ। ਇਸ ਦੇ ਇਲਾਵਾ ਉਸ ਨੇ ਦੱਸਿਆ ਕਿ ਯਿਸੂ ਦੇ ਸਲੀਬ 'ਤੇ ਚੜ੍ਹਾਏ ਜਾਣ ਨਾਲ ''ਨਬੀਆਂ ਦੀਆਂ ਗੱਲਾਂ'' (ਰਸੂਲਾਂ ਦੇ ਕੰਮ 13:27) ਪੂਰੀਆਂ ਹੋਈਆਂ ਸਨ।

ਸਪੱਸ਼ਟ ਤੌਰ ਤੇ ਨਵੇਂ ਨੇਮ ਦੇ ਦੂਜੇ ਸਭ ਪ੍ਰਚਾਰਕਾਂ ਵਾਂਗ, ਪੌਲੁਸ ਵੀ ਇਹੀ ਪ੍ਰਚਾਰ ਕਰਦਾ ਸੀ ਕਿ ਮਸੀਹ ਦੇ ਦੁੱਖ ਝੱਲਣ ਅਤੇ ਮੁਰਦਿਆਂ ਵਿੱਚੋਂ ਜੀ ਉੱਠਣ ਦੀ ਭਵਿੱਖਬਾਣੀ ਹੋਈ ਸੀ (ਵੇਖੋ ਰਸੂਲਾਂ ਦੇ ਕੰਮ 17:3)। ਪੁਰਾਣੇ ਨੇਮ ਦੀ ਇਹ ਢੁਕਵੀਂ ਅਤੇ ਸ਼ਾਇਦ ਸਭ ਤੋਂ ਵੱਧ ਅਹਿਮ ਵਰਤੋਂ ਖੁਦ ਯਿਸੂ ਵੱਲੋਂ ਲੂਕਾ 24:27 ਵਿਚ ਕੀਤੀ ਗਈ ਸੀ।

## ਸੰਕੇਤਾਂ ਨੂੰ ਸਮਝਣਾ

ਯਿਸੂ ਆਪਣੇ ਬਾਰੇ ਭਵਿੱਖਬਾਣੀਆਂ ਦੇ ਇਲਾਵਾ ਪੁਰਾਣੇ ਨੇਮ ਵਿਚ ਰੂਪਕਾਂ, ਸੰਕੇਤਾਂ ਜਾਂ ਪਰਛਾਵਿਆਂ ਵਿਚ ਮਿਲਦਾ ਹੈ। ਜਦ ਕੋਈ ਮਸੀਹੀ ਕੁਰਬਾਨੀ ਦੇ ਬੱਕਰੇ, ਪਸਾਹ ਦੇ ਲੇਲੇ, ਮਹਾਂ ਯਾਜਕ, ਹੈਕਲ ਦੇ ਪਰਦੇ, ਮੰਨ ਜਾਂ ਸੱਪ ਬਾਰੇ ਪੜ੍ਹਦਾ ਹੈ ਤਾਂ ਉਸ ਨੂੰ ਉਸ ਵਿਚ ਮਸੀਹ ਹੀ ਨਜ਼ਰ ਆਉਂਦਾ ਹੈ। ਉਹ ਆਦਮ, ਮਲਕੀਸਿਦਕ, ਮੂਸਾ, ਦਾਊਦ ਅਤੇ ਯੂਨਾਹ ਵਿਚ ਵੀ ਮਸੀਹ ਨੂੰ ਹੀ ਵੇਖਦਾ ਹੈ। ਉਹ ਨੂਹ ਅਤੇ ਜਲ ਪਰਲੋ ਦੀ ਕਹਾਣੀ ਨੂੰ ਬਪਤਿਸਮੇ ਦੇ ਪ੍ਰਤੀਬਿੰਬ ਵਿਚ ਪਛਾਣ ਲੈਂਦਾ ਹੈ (1 ਪਤਰਸ 3:20, 21)। ਹਾਜਰਾ ਅਤੇ ਸਾਰਾਹ ਦੀ ਕਹਾਣੀ ਨੂੰ ਪੜ੍ਹ ਕੇ ਉਸ ਨੂੰ ਪੁਰਾਣੇ ਅਤੇ ਨਵੇਂ ਨੇਮ ਦਾ ਇਕ ਰੂਪਕ ਵਿਖਾਈ ਦਿੰਦਾ ਹੈ (ਗਲਾਤੀਆਂ 4:21-31)।

ਇਬਰਾਨੀ ਲੋਕਾਂ ਦੇ ਲਾਲ ਸਮੁੰਦਰ ਪਾਰ ਕਰਨ ਵਿਚ ਉਸ ਨੂੰ ਇਕ ਪਾਪੀ ਦਾ ਬਪਤਿਸਮਾ ਨਜ਼ਰ ਆਉਂਦਾ ਹੈ; ਉਜਾੜ ਵਿਚ ਘੁੰਮਣ 'ਤੇ ਉਸ ਨੂੰ ਕਲੀਸੀਆ ਦਾ ਨਮੂਨਾ ਮਿਲਦਾ ਹੈ ਅਤੇ ਵਾਅਦੇ ਦੀ ਧਰਤੀ ਵਿਚ ਉਹ ਸੁਰਗ ਦਾ ਪੂਰਵ ਅਨੰਦ ਵੇਖਦਾ ਹੈ। ਤੰਬੂ ਵਿਚ ਉਹ ਨਵੇਂ ਨੇਮ ਦੀ ਕਲੀਸੀਆ ਦੀ ਝਲਕ ਵੇਖਦਾ ਹੈ ਅਤੇ ਯਾਜਕਾਈ ਵਿਚ, ਮਸੀਹੀਅਤ ਦਾ ਪਰਛਾਂਵਾਂ। ਪੁਰਾਣੇ ਨੇਮ ਦੀ ਸੁੰਨਤ ਵਿਚ, ਉਹ ਕਿਸੇ ਦੀ ਜ਼ਿੰਦਗੀ ਵਿੱਚੋਂ ਪਾਪ ਦੇ ਕੱਢੇ ਜਾਣ

ਦੀ ਇਕ ਤਸਵੀਰ ਵੇਖਦਾ ਹੈ।

## ਨੇਮ ਦੀ ਤੁਲਨਾ ਕਰਨਾ

ਪੁਰਾਣੇ ਅਤੇ ਨਵੇਂ ਦੋਹਾਂ ਨੇਮਾਂ ਵਿਚ ਮਿਲਦੇ ਜੁਲਦੇ ਨਿਅਮ ਸਮਝਾਏ ਗਏ ਹਨ। ਇਹ ਹਕੀਕਤ ਕਿ ਆਦਮੀ ਨਿਰ੍ਹਾ ਰੋਟੀ ਨਾਲ ਹੀ ਜ਼ਿੰਦਾ ਨਹੀਂ ਰਹਿੰਦਾ, ਸਗੋਂ ਖ਼ੁਦਾ ਦੇ ਵਚਨ ਨਾਲ ਵੀ ਰਹਿੰਦਾ ਹੈ, ਯਿਸੂ ਵਾਂਗ ਮੂਸਾ ਨੇ ਵੀ ਸਾਫ਼ ਸਮਝਾਈ ਸੀ (ਵਿਵਸਥਾਸਾਰ 8:3; ਮੱਤੀ 4:4)। ਆਦਮੀ ਵੱਲੋਂ ਖ਼ੁਦਾ ਨੂੰ ਅਜ਼ਮਾਇਸ਼ ਵਿਚ ਨਾ ਪਾਉਣ ਦੀ ਗੱਲ (ਮੱਤੀ 4:7) ਅੱਜ ਵੀ ਓਨੀ ਹੀ ਸਹੀ ਹੈ ਜਿੰਨੀ ਪੁਰਾਣੇ ਨੇਮ ਦੇ ਪਹਿਲੀ ਵਾਰ ਲਿਖੇ ਜਾਣ ਵੇਲੇ ਸੀ (ਵਿਵਸਥਾਸਾਰ 6:16)। ਮਨੁੱਖ ਲਈ ਇੱਕੋ ਸੱਚੇ ਖ਼ੁਦਾ ਦੀ ਹੀ ਬੰਦਗੀ ਕਰਨਾ ਜ਼ਰੂਰੀ ਹੈ ਭਾਵ ਜੋ ਹਮੇਸ਼ਾ ਤੋਂ ਸੱਚਾ ਹੈ ਅਤੇ ਸੱਚਾ ਰਹੇਗਾ (ਵਿਵਸਥਾਸਾਰ 6:13; ਮੱਤੀ 4:10)। ਦੋਹਾਂ ਹੀ ਨੇਮਾਂ ਵਿਚ, ਚਾਪਲੂਸੀ ਨੂੰ ਗਲਤ ਮੰਨਿਆ ਗਿਆ ਹੈ (ਯਸਾਯਾਹ 29:13; ਮਰਕੁਸ 7:6)। ਹਰ ਨੇਮ ਵਿਚ ਹੁਕਮ ਇਸੇ ਕਰਕੇ ਲਿਖੇ ਗਏ ਸਨ ਕਿ ਉਨ੍ਹਾਂ ਨੂੰ ਮੰਨਿਆ ਜਾਵੇ (ਉਪਦੇਸ਼ਕ ਦੀ ਪੋਥੀ 12:13, 14; ਯੂਹੰਨਾ 15:10)। ਹਰ ਨੇਮ ਵਿਚ ਖ਼ੁਦਾ ਦਾ ਸੰਦੇਸ਼ ਸਿੱਖਿਆ ਦੇ ਕੇ ਦਿੱਤਾ ਜਾਂਦਾ ਹੈ (ਯਸਾਯਾਹ 54:13; ਯੂਹੰਨਾ 6:45)। ਪੁਰਾਣੀ ਸ਼ਰ੍ਹਾ ਦੇ ਦੋ ਸਭ ਤੋਂ ਅਹਿਮ ਹੁਕਮ (ਵਿਵਸਥਾਸਾਰ 6:5; ਲੇਵੀਆਂ 19:18) ਮਸੀਹ ਦੇ ਅਧੀਨ ਵੀ ਰਹਿੰਦੇ ਹਨ (ਮੱਤੀ 22:37-39)।

ਨਵੇਂ ਨੇਮ ਦੀਆਂ ਮੁੱਖ ਸਿੱਖਿਆਵਾਂ ਪੁਰਾਣੀ ਸ਼ਰ੍ਹਾ ਦੀਆਂ ਆਇਤਾਂ ਵਿੱਚੋਂ ਲਈਆਂ ਗਈਆਂ ਹਨ। ਉਦਾਹਰਣ ਲਈ, ਪੌਲੁਸ ਨੇ ਪ੍ਰਚਾਰਕਾਂ ਦੀ ਮਦਦ ਲਈ ਵਿਵਸਥਾਸਾਰ 25:4 ਤੋਂ ਦੁਹਰਾਉਂਦਿਆਂ ਬੇਨਤੀ ਕੀਤੀ (1 ਕੁਰਿੰਥੀਆਂ 9:9; 1 ਤਿਮੋਥਿਉਸ 5:18) ਕਿ ਉਸ ਨੇ ਧਰਮੀ ਜੀਵਨ ਦੇ ਮਹੱਤਵ ਨੂੰ ਵਿਖਾਉਣ ਲਈ ਦਸ ਹੁਕਮ ਦਿੱਤੇ (ਰੋਮੀਆਂ 13:8-10)। ਔਰਤ ਨੂੰ ਆਦਮੀ ਦੀ ਰਹਿਨੁਮਾਈ ਨੂੰ ਮੰਨਣ ਦੀ ਬੇਨਤੀ ਕਰਨ ਲਈ ਉਸ ਨੇ ਪੁਰਾਣੇ ਨੇਮ ਦਾ ਹਵਾਲਾ ਦਿੱਤਾ (1 ਕੁਰਿੰਥੀਆਂ 14:34; ਵੇਖੋ ਉਤਪਤ 3:16)। ਯਾਕੂਬ ਨੇ ਵੀ ਪੱਖਪਾਤ ਵਿਖਾਉਣ ਦੇ ਵਿਰੋਧ ਵਿਚ ਸਿਖਾਉਣ ਲਈ ਦਸ ਹੁਕਮਾਂ 'ਚੋਂ ਹੀ ਸਮਝਾਇਆ (ਯਾਕੂਬ 2:8-11)।

## ਨੇਮਾਂ ਵਿਚ ਫ਼ਰਕ ਕਰਨਾ

ਪਰਮੇਸ਼ੁਰ ਦੇ ਰਾਜ ਦੇ ਸਿਧਾਂਤ ਪੁਰਾਣੇ ਨੇਮ ਦੀਆਂ ਵਿਧੀਆਂ ਦੇ ਉਲਟ ਚੰਗੀ ਤਰ੍ਹਾਂ ਵੇਖੇ ਜਾਂਦੇ ਹਨ। ਯਿਸੂ ਨੇ ਆਪਣੇ ਚੇਲਿਆਂ ਲਈ, ''ਪਰ ਮੈਂ ਕਹਿੰਦਾ ਹਾਂ'' ਜੋੜਦਿਆਂ, ਪੁਰਾਣੇ ਨੇਮ 'ਚੋਂ ਦੁਹਰਾਇਆ (ਮੱਤੀ 5:21, 22)। ਪੌਲੁਸ ਨੇ ਪੁਰਾਣੇ ਨੇਮ ਦੀ ਸੁੰਨਤ ਅਤੇ ਮਸੀਹ ਵਿਚ ਨਵੀਂ ਸ੍ਰਿਸ਼ਟੀ ਵਿਚ ਮਨ ਦੀ ਸੁੰਨਤ ਤੇ ਜ਼ੋਰ ਦਿੱਤਾ (ਯਹੋਸ਼ੁਆ 5:2; ਗਲਾਤੀਆਂ 6:15)।

ਨਵੇਂ ਨੇਮ ਦੀਆਂ ਜ਼ਿੰਦਾ ਮਨੁੱਖੀ ਕੁਰਬਾਨੀਆਂ ਦੇ ਉਲਟ ਪੁਰਾਣੇ ਨੇਮ ਵਿਚ ਸਾਨੂੰ ਮੁਰਦਾ ਜਾਨਵਰਾਂ ਦੀਆਂ ਕੁਰਬਾਨੀਆਂ (ਲੇਵੀਆਂ 1:3; ਰੋਮੀਆਂ 12:1) ਅਤੇ ਰੂਹਾਨੀ ਸਿਓਨ ਦੇ ਉਲਟ ਦੁਨਿਆਵੀ ਯਰੂਸ਼ਲਮ (1 ਰਾਜਿਆਂ 9:3; ਗਲਾਤੀਆਂ 4:26) ਮਿਲਦਾ ਹੈ। ਪਹਿਲਾ ਨੇਮ ਪੱਥਰ ਤੇ ਲਿਖਿਆ ਗਿਆ ਸੀ ਜਦ ਕਿ ਬਾਅਦ ਵਾਲਾ ਦਿਲਾਂ ਤੇ (2 ਕੁਰਿੰਥੀਆਂ 3:3)।

## ਉਦਾਹਰਣਾਂ ਤੋਂ ਸਿੱਖਣਾ

ਪੁਰਾਣੇ ਨੇਮ ਦੇ ਲੋਕਾਂ ਤੋਂ ਖ਼ੁਦਾ ਦੀ ਵਫ਼ਾਦਾਰੀ ਦੀ ਸ਼ਾਨਦਾਰ ਉਦਾਹਰਣਾਂ ਮਿਲਦੀਆਂ ਹਨ (ਇਬਰਾਨੀਆਂ 12:1)। ਇਸੇ ਤਰ੍ਹਾਂ, ਉਨ੍ਹਾਂ ਵਿਚ ਖ਼ੁਦਾ ਦੇ ਵਫ਼ਾਦਾਰ ਰਹਿਣ ਦੇ ਨਤੀਜੇ ਵੀ ਮਿਲਦੇ ਹਨ। ਯਿਸੂ ਦੇ ਅਲੀਸ਼ਾ ਅਤੇ ਨਾਮਾਨ ਦੇ ਨਾਲ-ਨਾਲ ਏਲੀਆਹ ਅਤੇ ਇਕ ਵਿਧਵਾ ਦਾ ਹਵਾਲਾ ਦੇਣ ਦੇ ਕਾਰਣ ਵੀ ਹਨ (ਲੂਕਾ 4:25-27)। ਉਸ ਨੇ ਆਪਣੇ ਸੰਦੇਸ਼ (ਮੱਤੀ 24:37) ਯੂਨਾਹ (ਮੱਤੀ 12:41), ਸੁਲੇਮਾਨ (ਮੱਤੀ 12:42), ਲੂਤ ਅਤੇ ਉਸਦੀ ਪਤਨੀ (ਲੂਕਾ 17:29, 32) ਦੇ ਹਵਾਲੇ ਦੇ ਕੇ ਸਮਝਾਏ।

ਪੌਲੁਸ ਦਾ ਮੰਨਣਾ ਸੀ ਕਿ ਇਸਰਾਏਲੀਆਂ ਵਿਚ ਪਾਈਆਂ ਜਾਣ ਵਾਲੀਆਂ ਅਤੇ ਨਾ ਮੰਨਣ ਦੀਆਂ ਉਦਾਹਰਣਾਂ ਨਾਲ ਮਸੀਹੀ ਲੋਕਾਂ ਦੀ ਮਦਦ ਹੋ ਸਕਦੀ ਹੈ (1 ਕੁਰਿੰਥੀਆਂ 10:1-12)। ਇਬਰਾਨੀਆਂ ਦੀ ਕਿਤਾਬ ਦੇ ਲੇਖਕ ਨੇ ਪੁਰਾਣੇ ਨੇਮ ਦੇ ਸਰੋਤਿਆਂ ਨੂੰ ਐਨਾ ਭਰਪੂਰ ਵਿਖਾਇਆ ਕਿ ''ਹੁਣ ਮੈਂ ਹੋਰ ਕੀ ਆਖਾਂ? ਕਿਉਂ ਜੋ ਵਿਹਲ ਨਹੀਂ ਭਈ ਗਿਦਾਊਨ, ਬਾਰਕ, ਸਮਸੂਨ, ਯਿਫ਼ਤਾ, ਦਾਊਦ, ਸਮੂਏਲ ਅਤੇ ਨਬੀਆਂ ਦੇ ਵਾਰਤਾ ਕਰਾਂ'' (ਇਬਰਾਨੀਆਂ 11:32)।

## ਸਾਰ

ਭਾਂਵੇਂ ਪੁਰਾਣੇ ਨੇਮ ਦੀ ਗ਼ਲਤ ਵਰਤੋਂ ਹੋਈ ਹੈ, ਪਰ ਇਸ ਦੀ ਵਰਤੋਂ ਬਚਾਏ ਜਾਣ ਲਈ ਲਾਭਦਾਇਕ ਅਤੇ ਸਹੀ ਢੰਗ ਨਾਲ ਕੀਤੀ ਜਾ ਸਕਦੀ ਹੈ। ਇਸ ਵਿੱਚੋਂ ਪਤਾ ਲਗਦਾ ਹੈ ਕਿ ਸੰਸਾਰ ਅਤੇ ਮਨੁੱਖਜਾਤੀ ਦੀ ਹੋਂਦ ਕਿਵੇਂ ਹੋਈ ਅਤੇ ਯਿਸੂ ਨਾਸਰੀ ਖ਼ੁਦਾ ਦਾ ਪੁੱਤਰ ਹੈ। ਪੁਰਾਣੇ ਨੇਮ ਵਿਚ ਸਾਨੂੰ ਮਸੀਹੀਅਤ ਦਾ ਪਰਛਾਂਵਾਂ ਮਿਲਦਾ ਹੈ ਜਦ ਕਿ ਇਸ ਦੇ ਸਿਧਾਂਤ ਨਵੇਂ ਨੇਮ ਨਾਲ ਮਿਲਦੇ-ਜੁਲਦੇ ਹਨ। ਪਰ ਇਸ ਵਿਚ ਐਨੇ ਫ਼ਰਕ ਵੀ ਹਨ ਜੋ ਅਜ਼ਾਦੀ ਦੀ ਸ਼ਰ੍ਹਾ ਦੀ ਖ਼ੂਬਸੂਰਤੀ ਤੇ ਜ਼ੋਰ ਦਿੰਦੇ ਹਨ। ਅਖ਼ੀਰ 'ਚ ਇਹ ਅੱਜ ਪਰਮੇਸ਼ੁਰ ਦੇ ਆਗਿਆਕਾਰ ਬਣੇ ਵਿਚ ਰਹਿਣ ਲਈ ਲੋਕਾਂ ਨੂੰ ਦਲੇਰ ਕਰਨ ਲਈ ਸਾਫ਼ ਉਦਾਹਰਣਾਂ ਦਿੰਦਾ ਹੈ।